National Research Journal of Social Sciences
Volume-11, Issue-1, January-June 2026
PP: 218-221
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ

**ਇੰਦਰਜੀਤ ਕੌਰ**

ਸਹਾਇਕ ਪ੍ਰੋਫੈਸਰ

ਪੰਜਾਬੀ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ, ਗੁੱਜਰਖਾਨ ਕੈਂਪਸ, ਲੁਧਿਆਣਾ

**ਸਾਰਾਂਸ਼**

ਸਾਧੋ ਮਨ ਕਾ ਮਾਨੁ ਤਿਆਗਉ

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ

ਤਾ ਤੇ ਅਹਿਨਿਸਿ ਭਾਗਉ ।।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਅੰਗ ੨੧੯)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ, ਓਹਨਾ ਦੇ ਦਿੱਤੇ ਹੋਏ ਉਪਦੇਸ਼ ਮਨੁੱਖੀ ਜੀਵਨ ਵਿਚੋਂ ਹੰਕਾਰ , ਡਰ, ਨਿਰਾਸ਼ਾ ਤੇ ਦੁੱਖਾਂ ਤੋਂ ਦੂਰ ਕਰਦੀ ਹੋਈ ਜੀਵਨ ਨੂੰ ਨੈਤਿਕਤਾ ਦੇ ਰਾਹ ਤੋਰਦੀ, ਆਸ ਤੇ ਹੌਂਸਲਾ ਪੈਦਾ ਕਰਦੀ ਹੈ । ਭੌਤਿਕ ਵਸਤੂਆਂ ਦੀ ਨਾਸ਼ਮਾਨਤਾ ; ਜੀਵਨ ਅਤੇ ਮੌਤ ਦੇ ਰਹੱਸ ਨੂੰ ਸਮਝਣ ਦਾ ਬਲ ਭਰ ਕੇ ਮਨੁੱਖ ਨੂੰ ਹਿੰਮਤ ਨਾਲ਼ ਜੀਵਨ ਜਿਉਣ ਲਈ ਪ੍ਰੇਰਨਾ ਦਿੰਦੀ ਹੈ । ਨੈਤਿਕਤਾ ਹਰ ਧਰਮ ਤੇ ਜੀਵਨ ਦਾ ਅਟੁੱਟ ਅੰਗ ਹੈ । ਅੱਜ ਮਨੁੱਖ ਅਨੈਤਿਕਤਾ ਦੇ ਰਾਹ ਤੁਰਦਾ ਹੋਇਆ ਜੀਵਨ ਦੇ ਅਸਲ ਮਨੋਰਥ ਨੂੰ ਭੁੱਲਦਾ ਜਾ ਰਿਹਾ ਹੈ । ਜੀਵਨ ਦੇ ਅਸਲ ਮਨੋਰਥ ਨੂੰ ਪਛਾਣਨ ਦੇ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਸਿੱਖਿਆਵਾਂ ਮਨੁੱਖੀ ਹਿਰਦੇ ਨੂੰ ਚੰਗੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ । ਮਨੁੱਖ ਅਨੈਤਿਕਤਾ ਦਾ ਰਾਹ ਛੱਡ ਕੇ ਨੈਤਿਕਤਾ ਦੇ ਰਾਹ ਤੇ ਤੁਰਦਾ ਹੈ । ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਜੀਵਨ ਵਿਚ ਮੁਸ਼ਕਿਲਾਂ ਤੋ ਉੱਪਰ ਉੱਠ ਕੇ ਜੀਣ ਦੀ ਤਾਕਤ ਬਖਸ਼ਦੀ ਹੈ । ਅੱਜ ਦੇ ਸਮੇਂ ਵਿਚ ਕਦਰਾਂ ਕੀਮਤਾਂ ਵਿਚ ਆ ਰਹੀ ਗਿਰਾਵਟ ਨੂੰ ਦੇਖਦੇ ਹੋਏ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੋਂ ਸੇਧ ਲੈਣ ਦੀ ਬਹੁਤ ਲੋੜ ਹੈ ਤਾਂ ਜੋ ਮਨੁੱਖੀ ਜੀਵਨ ਸਹੀ ਫ਼ੈਸਲੇ ਲੈ ਕੇ ਆਪਣੇ ਜੀਵਨ ਨੂੰ ਸਫ਼ਲ ਅਤੇ ਸਾਰਥਕ ਬਣਾ ਸਕਣ ।

**ਕੁੰਜੀ ਸ਼ਬਦ:** ਧਰਮ, ਨੈਤਿਕਤਾ, ਉੱਚ ਆਚਰਣ, ਨੇਕੀ, ਪ੍ਰਭੂ ਦਾ ਨਾਮ ਸਿਮਰਨ

ਨੈਤਿਕਤਾ ਧਰਮ ਦਾ ਇੱਕ ਅਟੁੱਟ ਅੰਗ ਹੈ । ਹਰ ਧਰਮ ਵਿੱਚ ਇਸ ਦੀ ਵਿਸ਼ੇਸ਼ ਮਹੱਤਤਾ ਹੈ । ਇਨਸਾਨ ਜ਼ੰਦਿਗੀ ਨੂੰ ਜਿਓਣ ਲਈ , ਜ਼ੰਦਿਗੀ ਦੇ ਅਸਲ ਮਨੋਰਥ ਨੂੰ ਭੁੱਲ ਕੇ ਅਨੈਤਿਕਤਾ ਦੇ ਰਾਹ ਤੇ ਤੁਰਦਾ ਹੋਇਆ ਕਈ ਗਲਤ ਤਰੀਕਿਆਂ ਨਾਲ਼ ਬਹੁਤ ਕੁਝ ਇਕੱਠਾ ਕਰਦਾ ਰਹਿੰਦਾ ਹੈ । ਜੋ ਫ਼ਿਰ ਮਨੁੱਖੀ ਜੀਵਨ ਲਈ ਦੁੱਖਾਂ ਦਾ ਕਾਰਨ ਬਣਦਾ ਹੈ । ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸਾਨੂੰ ਅਨੈਤਿਕਤਾ ਨੂੰ ਤਿਆਗ ਕੇ ਨੈਤਿਕ ਗੁਣਾਂ ਨੂੰ ਅਪਨਾਉਣ ਲਈ ਪ੍ਰੇਰਦੀ ਹੈ । ਨੈਤਿਕਤਾ ਇਕ ਅਨੁਸ਼ਾਸਨ ਹੈ ਜੋ ਮਨੁੱਖੀ ਵਿਵਹਾਰ ਨੂੰ ਸੁਤੰਤਰਤਾ ਅਤੇ ਨਿਆਂ ਪ੍ਰਤੀ ਸੇਧ ਦਿੰਦੀ ਹੈ । ਹਰ ਧਰਮ ਵਿੱਚ ਨੈਤਿਕਤਾ/ ਸਦਾਚਾਰ ਦੀ ਸਖ਼ਤੀ ਨਾਲ਼ ਪਾਲਣਾ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਨੰਤ ਗੁਣਾ ਨਾਲ਼ ਭਰਪੂਰ ਹੈ । ਜਿਸਨੂੰ ਬਿਆਨ ਕਰਨਾ ਆਪਣੇ ਆਪ ਵਿੱਚ ਇੱਕ ਬਹੁਤ ਹੀ ਕਠਿਨ ਕਾਰਜ ਹੈ, ਪਰ ਮੈਂ ਆਪਣੀ ਤੁੱਛ ਜਿਹੀ ਬੁੱਧੀ ਨਾਲ ਉਹਨਾਂ ਦੀ ਬਾਣੀ ਵਿਚੋਂ ਨੈਤਿਕਤਾ ਦੇ ਜੋ ਭਾਵ ਸਾਹਮਣੇ ਆਉਂਦੇ ਹਨ ਉਹਨਾਂ ਨੂੰ ਉਲੀਕਣ ਲਈ ਇੱਕ ਛੋਟਾ ਜਿਹਾ ਯਤਨ ਕੀਤਾ ਹੈ ।

ਗੁਰੂ ਤੇਗ਼ ਬਹਾਦਰ ਜੀ ਦੀ ਸਖਸ਼ੀਅਤ ਨਿਮਰਤਾ , ਵੈਰਾਗ, ਭਗਤੀ ਅਤੇ ਸੱਚ ਨਾਲ਼ ਭਰਪੂਰ ਹੈ । ਇਸ ਲਈ ਆਪ ਜੀ ਦੀ ਬਾਣੀ ਮਨੁੱਖਤਾ ਨੂੰ ਜ਼ੰਦਿਗੀ ਦੀ ਅਸਲ ਸਚਾਈ ਦੱਸਦੇ ਹੋਏ ਰੱਬੀ ਭਾਣੇ ਨੂੰ ਮੰਨਣ ਅਤੇ ਉਸ ਉੱਪਰ ਚੱਲਣ ਲਈ ਪ੍ਰੇਰਦੀ ਹੈ । ਇਸ ਲਈ ਆਪ ਜੀ ਦੀ ਬਾਣੀ ਮਨੁੱਖਤਾ ਤੇ ਰੱਬਤਾ ਦਾ ਮਿੱਠਾ ਰਾਗ ਅਲਾਪਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸੂਹਜ ਅਤੇ ਸੋਚ ਭਰਪੂਰ ਇੱਕ ਦਰਪਣ ਹੈ, ਜਿਸ ਵਿੱਚ ਜਗਤ ਦੀ ਅਸਲੀਅਤ ਦੁੱਖਾਂ-ਸੁੱਖਾ, ਉਸਤਤ-ਨਿੰਦਾ, ਮਾਨ- ਅਪਮਾਨ ਤੇ ਸੋਨਾ-ਮਿੱਟੀ ਦੀ ਸੱਚਾਈ ਸਾਫ਼ ਸਾਫ਼ ਨਜ਼ਰ ਆਉਂਦੀ ਹੈ । ਗੁਰੂ ਜੀ ਦੀ ਬਾਣੀ ਪਸ਼ੂ ਬਿਰਤੀ ਵਾਲੇ ਮਨੁੱਖ ਨੂੰ ਅਸਲੀ ਮਾਨਵ ਬਣਾ ਕੇ ਪਰਮਾਤਮਾ ਦੀ ਭਗਤੀ ਤੇ ਮਨੁੱਖਤਾ ਦੇ ਅਸਲ ਰਾਹ ਉੱਪਰ ਤੋਰਦੀ ਹੈ । ਕਿਉਕਿ ਕਈ ਵਾਰ ਮਨੁੱਖ ਦੂਜੇ ਦੀ ਪਰਵਾਹ ਨਾ ਕਰਦਾ ਹੋਇਆ ਲਾਲਚ ਵੱਸ ਆ ਕੇ ਕੇਵਲ ਪਸ਼ੂਆਂ ਵਾਂਗ ਆਪਣਾ ਹੀ ਪੇਟ ਭਰਨ ਦਾ ਖਿਆਲ ਰੱਖਦਾ ਹੈ ।

ਗੁਰਮਤਿ ਸੁਨਿ ਕਛੁ ਗਿਆਨ ਨ ਉਪਜਿਓ

ਪਸੁ ਜਿਉ ਉਦਰੁ ਭਰਉ ॥ [1]

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੇ ਇਸ ਮਾੜੀ ਬਿਰਤੀ ਨਾਲੋ ਤੋੜ ਕੇ ਨਾਮ ਨਾਲ਼ ਜੁੜਨ ਤੇ ਜ਼ੋਰ ਦਿੱਤਾ ਹੈ । ਆਪ ਨੇ ਮਾਇਆ, ਲੋਭ-ਮੋਹ , ਪਰਾਈ ਨਿੰਦਿਆ, ਹੰਕਾਰ , ਪਰਾਈ ਇਸਤਰੀ ਆਦਿ ਸੰਸਾਰਿਕ ਮੋਹ ਪਦਾਰਥਾਂ ਦੀ ਨਿਖੇਧੀ ਕੀਤੀ ਹੈ । ਇਨਸਾਨ ਇਹਨਾਂ ਵਿੱਚ ਐਨਾ ਲੀਨ ਹੋ ਜਾਂਦਾ ਹੈ ਕਿ ਉਹ ਪਰਮਾਤਮਾ ਦੇ ਨਾਮ ਤੇ ਚੰਗਿਆਈਆਂ ਨੂੰ ਭੁੱਲ ਕੇ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਇਸ


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੰਸਾਰ ਨੂੰ ਸੱਚ ਮੰਨ ਲੈਂਦਾ ਹੈ ਅਤੇ ਕਈ ਤਰ੍ਹਾਂ ਦੇ ਗਲਤ ਕੰਮਾਂ ਵਿੱਚ ਗ਼ਰਕ ਜਾਂਦਾ ਹੈ । ਉਸਨੂੰ ਇਹ ਭੁਲੇਖਾ ਰਹਿੰਦਾ ਹੈ ਕਿ ਸੰਸਾਰੀ ਪਦਾਰਥ ਹਮੇਸ਼ਾ ਰਹਿਣ ਵਾਲ਼ੇ ਹਨ ਪਰ ਅਸਲ ਵਿਚ ਇਸ ਤਰ੍ਹਾ ਨਹੀਂ ਹੈ ।

ਜਗ ਝੂਠੇ ਕਉ ਸਾਚਿ ਜਾਨਿ ਕੈ

ਤਾ ਸਿਉ ਰੁਚ ਉਪਜਾਈ ॥[2]

ਮਿਥਿਆ ਤਨੁ ਸਾਚੋ ਕਰਿ ਮਾਨਿਓ

ਇਹ ਬਿਧਿ ਆਪੁ ਬੰਧਾਵੈ ॥[3]

ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ

ਤਾ ਤੇ ਅਹਿਨਿਸਿ ਭਾਗਉ ॥ [4]

ਗੁਰੂ ਜੀ ਕਹਿੰਦੇ ਹਨ ਕਿ ਜਦੋਂ ਮਨੁੱਖ ਅਨੈਤਿਕਤਾ ਦੇ ਰਾਹ ਤੇ ਤੁਰਦਾ ਹੈ ਤਾਂ ਮਨੁੱਖਾ ਜਨਮ ਬਰਬਾਦ ਕਰ ਲੈਂਦਾ ਹੈ । ਉਸਨੂੰ ਪਰਮਾਤਮਾ ਦੇ ਨਾਮ ਨਾਲ ਜੁੜਨਾ ਚਾਹੀਦਾ ਹੈ । ਜਦੋਂ ਉਹ ਉਸਦੇ ਨਾਮ ਵਿੱਚ ਰੰਗਿਆ ਜਾਂਦਾ ਹੈ ਤਾਂ ਉਸਦਾ ਪਲੀਤ ਹੋਇਆ ਜੀਵਨ ਵੀ ਪਵਿੱਤਰ ਹੋ ਜਾਂਦਾ ਹੈ ।

ਹਰਿ ਕੋ ਨਾਮੁ ਸਦਾ ਸੁਖਦਾਈ ॥

ਜਾ ਕਉ ਸਿਮਰਿ ਅਜਾਮਲੁ ਉਧਰਿਓ

ਗਨਿਕਾ ਹੂ ਗਤਿ ਪਾਈ ॥[5]

ਅਜਾਮਲ, ਗਨਿਕਾ, ਪੰਚਾਲੀ ਆਦਿ ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਹਨਾਂ ਨੇ ਪਰਮਾਤਮਾ ਦੀ ਭਗਤੀ ਕੀਤੀ ਤੇ ਜੀਵਨ ਸਫਲ ਕਰ ਲਿਆ । ਮਨੁੱਖ ਦਾ ਅਸਲ ਮਨੋਰਥ ਹੀ ਬੁਰਾਈਆਂ ਨੂੰ ਤਿਆਗਣਾ ਤੇ ਪਰਮਾਤਮਾ ਨੂੰ ਪਾਉਣਾ ਹੋਣਾ ਚਾਹੀਦਾ ਹੈ । ਅੱਜ ਸੰਸਾਰ ਵਿੱਚ ਮਨੁੱਖਤਾ ਦੀ ਹਾਲਤ ਬਹੁਤ ਤਰਸਯੋਗ ਹੁੰਦੀ ਜਾ ਰਹੀ ਹੈ । ਸੰਸਾਰੀ ਮਾਇਆ ਇੰਨੀ ਤਾਕਤਵਰ ਹੈ ਕਿ ਹਰ ਇੱਕ ਮਨੁੱਖ ਨੂੰ ਆਪਣੇ ਜਾਲ ਵਿੱਚ ਭਰਮਾ ਕੇ ਆਪਣੇ ਵੱਸ ਵਿੱਚ ਕਰ ਲੈਂਦੀ ਹੈ । ਜਿਸ ਕਰਕੇ ਉਹ ਰੱਬ ਨਾਲੋਂ ਟੁੱਟ ਜਾਂਦਾ ਹੈ । ਉਹ ਨੇਕੀ ਦੇ ਰਾਹ ਤੇ ਨਹੀਂ ਚੱਲਦਾ । ਮਾਇਆ ਵਿੱਚ ਮਸਤ ਰਹਿੰਦਾ ਹੈ ।

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥

ਅਹਿਨਿਸਿ ਮਗਨੁ ਰਹੈ ਮਾਇਆ ਮੈ

ਕਹੁ ਕੈਸੇ ਗੁਨ ਗਾਵੈ ॥[6]

ਜੋ ਦੀਸੈ ਸੋ ਸਗਲ ਬਿਨਾਸੇ

ਜਿਉ ਬਾਦਰ ਕੀ ਛਾਈ ॥੧॥ [7]

ਬਾਰੂ ਭੀਤਿ ਬਨਾਈ ਰਚਿ ਪਚਿ

ਰਹਤ ਨਹੀਂ ਦਿਨ ਚਾਰਿ ॥

ਤੈਸੇ ਹੀ ਇਹ ਸੁਖ ਮਾਇਆ ਕੇ

ਉਰਝਿਓ ਕਹਾ ਗਵਾਰ ॥ [8]

ਗੁਰੂ ਜੀ ਅਨੁਸਾਰ ਮਨੁੱਖ ਜਦੋਂ ਸਦਾਚਾਰੀ/ ਨੈਤਿਕਤਾ ਨਾਲੋਂ ਟੁੱਟ ਕੇ, ਪਰਮਾਤਮਾ ਦੇ ਨਾਮ ਨਾਲੋ ਆਪਣੇ ਆਪ ਨੂੰ ਤੋੜ ਲੈਂਦਾ ਹੈ ਤਾਂ ਉਹ ਜ਼ਿੰਦਗੀ ਵਿਚ ਕਦੇ ਵੀ ਸੁੱਖ ਪ੍ਰਾਪਤ ਨਹੀਂ ਕਰ ਪਾਉਂਦਾ । ਉਸਨੂੰ ਪਰਮਾਤਮਾ ਨਾਲ਼ ਜੁੜਨਾ ਚਾਹੀਦਾ ਹੈ ਨਾ ਕਿ ਉਸ ਕੂਕਰ ( ਕੁੱਤੇ) ਵਾਂਗ ਆਪਣਾ ਜੀਵਨ ਬਣਾਉਣਾ ਚਾਹੀਦਾ ਹੈ ਜੋ ਝੂਠੀ ਬੁਰਕੀ ਦੀ ਖਾਤਰ ਦਰ ਦਰ ਤੇ ਭਟਕਦਾ ਰਹਿੰਦਾ ਹੈ ।

ਸੁਖ ਕੈ ਹੈਤਿ ਬਹੁਤੁ ਦੁਖੁ ਪਾਵਤ

ਸੇਵ ਕਰਤ ਜਨ ਜਨ ਕੀ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦੁਆਰਹਿ ਦੁਆਰ ਸੁਆਨ ਜਿਓ ਡੋਲਤ

ਨਹ ਸੁਧ ਰਾਮ ਭਜਨ ਕੀ॥[9]

ਨੈਤਿਕਤਾ ਦੇ ਰਾਹ ਵਿੱਚ ਇੱਕ ਹੋਰ ਵੱਡਾ ਰੋੜਾ ਪਰਾਈ ਨਿੰਦਾ ਹੈ । ਕਈ ਵਾਰ ਮਨੁੱਖ ਚੁਗਲੀ ਨਿੰਦਾ ਵਿਚੋਂ ਸਵਾਦ ਲੈਂਦਾ ਦੂਜਿਆਂ ਨੂੰ ਬੁਰਾ ਦੱਸ ਕੇ ਆਪਣੇ ਆਪ ਨੂੰ ਚੰਗਾ ਹੋਣ ਦਾ ਦਿਖਾਵਾ ਕਰਦਾ ਹੈ ।

ਮਨ ਰੇ ਕਉਨ ਕੁਮਤਿ ਤੈ ਲੀਨੀ

ਪਰ ਦਾਰਾ ਨਿੰਦਿਆ ਰਸ ਰਚਿਓ

ਰਾਮ ਭਗਤਿ ਨਹਿ ਕੀਨੀ ॥[10]

ਗੁਰੂ ਜੀ ਨੇ ਇਸ ਨਿੰਦਾ ਚੁਗਲੀ ਤੋ ਦੂਰ ਰਹਿਣ ਲਈ ਕਿਹਾ ਹੈ :-

ਉਸਤਤਿ ਨਿੰਦਾ ਦੋਊ ਤਿਆਗੈ

ਖੋਜੈ ਪਦੁ ਨਿਰਬਾਨਾ ॥[11]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਹਨਾਂ ਸਾਰਿਆਂ ਸੰਸਾਰਿਕ ਬੁਰਾਈਆਂ ਤੋ ਛੁਟਕਾਰਾ ਪਾਉਣ ਲਈ ਨੈਤਿਕਤਾ ਉਪਰ ਬਹੁਤ ਬਲ ਦਿੰਦੀ ਹੈ । ਗੁਰੂ ਜੀ ਵਾਰ ਵਾਰ ਦੁਰਾਚਾਰ/ ਅਨੈਤਿਕਤਾ ਦੇ ਕਾਰਣਾਂ ਵੱਲ ਇਸ਼ਾਰਾ ਕਰਕੇ ਇਨਸਾਨ ਨੂੰ ਸਬਰ ਸੰਤੋਖ ਤੇ ਦਸਾਂ ਨਹੁੰਆ ਦੀ ਕਮਾਈ ਕਰਨ ਤੇ ਸਰਬੱਤ ਦਾ ਭਲਾ ਮੰਗਣ ਤੇ ਜ਼ੋਰ ਦਿੰਦੇ ਹਨ । ਜਦੋਂ ਇਨਸਾਨ ਦਾ ਅੰਤ ਵੇਲਾ ਆਉਣਾ ਹੈ ਤਾਂ ਉਸ ਸਮੇਂ ਕਿਸੇ ਨੇ ਸਹਾਈ ਨਹੀਂ ਹੋਣਾ ਇਨਸਾਨ ਦੇ ਕੀਤੇ ਆਪਣੇ ਚੰਗੇ ਜਾਂ ਮਾੜੇ ਕਰਮ ਹੀ ਉਸ ਨਾਲ਼ ਹੁੰਦੇ ਹਨ । ਪਰਮਾਤਮਾ ਦਾ ਨਾਮ ਹੀ ਸਹਾਈ ਹੁੰਦਾ ਹੈ-

ਹਰਿ ਬਿਨੁ ਤੇਰੋ ਕੋ ਨਾ ਸਹਾਈ ॥

ਕਾਂ ਕੀ ਮਾਤ ਪਿਤਾ ਸੁਤ ਬਨਿਤਾ

ਕੋ ਕਾਹੂ ਕੋ ਭਾਈ ॥[12]

ਮਨੁੱਖ ਨੂੰ ਲਾਲਚ, ਮੋਹ, ਹੰਕਾਰ ਤੇ ਬੁਰੀ ਸੰਗਤ ਤੋਂ ਦੂਰ ਰਹਿਣਾ ਚਾਹੀਦਾ ਹੈ । ਪਰਾਈ ਇਸਤਰੀ, ਨਿੰਦਾ- ਚੁਗਲੀ, ਪਰਾਏ ਧਨ ਵਿੱਚ ਧਿਆਨ ਨਹੀ ਰੱਖਣਾ ਚਾਹੀਦਾ । ਜਦੋਂ ਮਨੁੱਖ ਨੈਤਿਕ ਕਦਰਾਂ ਕੀਮਤਾਂ ਨੂੰ ਬਾਣੀ ਦੇ ਆਧਾਰ ਤੇ ਅਪਣਾ ਲੈਂਦਾ ਹੈ ਤਾਂ ਉਹ ਸਹਿਜ ਰੂਪ ਵਿੱਚ ਹੀ ਉਸ ਪ੍ਰਭੂ ਨੂੰ ਪਾ ਲੈਂਦਾ ਹੈ । ਉਸਦਾ ਜੀਵਨ , ਸਦਾਚਾਰੀ ਜੀਵਨ ਬਣ ਜਾਂਦਾ ਹੈ ।

ਜਿਹਿ ਮਾਇਆ ਮਮਤਾ ਤਜੀ

ਸਭ ਤੇ ਭਇਓ ਉਦਾਸੁ ॥

ਕਹੁ ਨਾਨਕ ਸੁਨੁ ਰੇ ਮਨਾ

ਤਿਹ ਘਟਿ ਬ੍ਰਹਮ ਨਿਵਾਸ ॥[13]

ਸੋ ਅੱਜ ਬਹੁਤ ਵੱਡੀ ਲੋੜ ਹੈ ਉਸ ਪਰਮਾਤਮਾ ਨੂੰ, ਜੋ ਸਾਡੇ ਹਿਰਦੇ ਵਿੱਚ ਵਸਿਆ ਹੋਇਆ ਹੈ , ਉਸਨੂੰ ਪਛਾਣਨ ਦੀ ਤੇ ਨੈਤਿਕਤਾ ਨੂੰ ਅਪਣਾਉਣ ਦੀ , ਤਾਂ ਜੋ ਅਨੈਤਿਕਤਾ ਦਾ ਰਾਹ ਛੱਡ ਕੇ ਗੁਰੂ ਜੀ ਦੇ ਦੱਸੇ ਮਾਰਗ ਤੇ ਚੱਲ ਕੇ ਅਸੀਂ ਆਪਣੇ ਜੀਵਨ ਨੂੰ ਸਫਲ ਬਣਾਈਏ ।

ਵਾਹਿਗੁਰੂ ਜੀ ਕਾ ਖ਼ਾਲਸਾ ।।

ਵਾਹਿਗੁਰੂ ਜੀ ਕੀ ਫ਼ਤਿਹ ।।

**ਹਵਾਲੇ:-**

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 685
2. ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ 718
3. ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ 1231
4. ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ 219
5. ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ 1008


© Copyright @ Authors

6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 219
7. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 219
8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 633
9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 411
10. 10. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 631
11. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 219
12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1231
13. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1427


© Copyright @ Authors